No. 34/55-IH(7)-2015/ 9785
Chandigarh Administration
Department of Personnel

Chandigarh, dated the 14/5/15

To

IGP

All the Administrative Secretaries/
Heads of Departments/Offices/
Boards/Corporation,
Chandigarh Administration.

D.No. R-2831/Rd/DIG
Dated 19/5/15

**Subject:** **Clarification regarding extension in service of the Punjab Government employees.**

*****

Sir/Madam,

In supersession of this Administration's instructions No. 34/55-IH(7)-2014/21936 dated 24.11.2014 and No. 34/55-IH(7)-2015/6043 dated 23.03.2015, I am directed to address you on the subject noted above and to enclose herewith a copy of Punjab Government, Finance Department's letter No. 22/2/2012-3F.P.2/83 dated 30.04.2015 which is self-explanatory for necessary action and strict compliance.

Yours faithfully,

Superintendent Personnel,
Chandigarh Administration.

Endst. No. 34/55-IH(7)-2015/ 9786 Dated: 14/5/15

A copy is forwarded to all the Administrative Branches, Chandigarh Administration Secretariat for similar action.

Superintendent Personnel,
Chandigarh Administration.

Estt. Branch (Diary)
Diary No. 9755
Date: 15-5-15
Signature

SE(A)/E-1
ADO

R-409/E1
20-05-15

ਨੰ: 22/2/2012-3ਐਫ.ਪੀ.2/ 83

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ, ਚੰਡੀਗੜ੍ਹ 30 ਅਪ੍ਰੈਲ, 2015

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾ ਤੇ ਸੈਸ਼ਨਜ਼ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿੱਚ।

ਵਿਸ਼ਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਵਾਧਾ ਕਰਨ ਬਾਰੇ – ਸਪਸ਼ਟੀਕਰਨ।

ਸ਼੍ਰੀਮਾਨ ਜੀ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਦਿਵਾਉਣ ਹਿਤ ਅਤੇ ਵਿੱਤ ਵਿਭਾਗ ਦੇ ਪੱ.ਨੰ: 22/2/2012-ਐਫ.ਪੀ.2/159 ਮਿਤੀ 30.10.2014 ਅਤੇ ਪੱ.ਨੰ: 22/2/2012-3ਐਫ.ਪੀ.2/3 ਮਿਤੀ 7.1.2015 ਰਾਹੀਂ ਜਾਰੀ ਹਦਾਇਤਾਂ ਨੂੰ ਸੁਪਰਸੀਡ (supersede) ਕਰਦੇ ਹੋਏ ਹੇਠ ਅਨੁਸਾਰ ਸਪਸ਼ਟੀਕਰਨ ਕਰਨ ਦੀ ਹਦਾਇਤ ਹੋਈ ਹੈ।

2. ਪੰਜਾਬ ਸਰਕਾਰ ਦੇ ਅਧਿਕਾਰੀਆਂ/ਕਰਮਚਾਰੀਆਂ ਦੇ ਸੇਵਾਕਾਲ ਵਿੱਚ ਵਾਧਾ ਕਰਨ ਸਬੰਧੀ ਇਸ ਵਿਭਾਗ ਦੀਆਂ ਹਦਾਇਤਾਂ ਨੰ: 22/2/2012-ਐਫ.ਪੀ.2/43 ਮਿਤੀ 22.1.2013 ਦੇ ਲੜੀ ਨੰ: 7 ਨੂੰ ਵਿਦਡਰਾਅ (withdraw) ਕਰਦੇ ਹੋਏ ਇਹ ਫੈਸਲਾ ਲਿਆ ਗਿਆ ਹੈ ਕਿ ਜਿਨ੍ਹਾਂ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੇ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਵਿਭਾਗੀ ਕਾਰਵਾਈ ਤਹਿਤ ਚਾਰਜਸ਼ੀਟ ਜਾਰੀ ਕਰਨ ਸਬੰਧੀ ਫੈਸਲਾ ਲਿਆ ਜਾ ਚੁੱਕਾ ਹੋਵੇ ਜਾਂ ਚਾਰਜਸ਼ੀਟ ਜਾਰੀ ਕੀਤੀ ਜਾ ਚੁੱਕੀ ਹੋਵੇ ਜਾਂ ਵੱਡੀ ਸਜਾ (major penalty) ਦਿਤੀ ਗਈ ਹੋਵੇ ਜਿਸ ਦਾ ਅਸਰ ਸੇਵਾ ਨਿਵਰਤੀ ਦੀ ਮਿਤੀ ਨੂੰ ਵੀ ਚੱਲ ਰਿਹਾ ਹੋਵੇ ਜਾਂ ਸੇਵਾ ਨਿਵਰਤੀ ਦੀ ਮਿਤੀ ਤੋਂ 3 ਸਾਲ ਪਹਿਲਾਂ ਦੇ ਅਰਸੇ ਦੌਰਾਨ ਵੱਡੀ ਸਜ਼ਾ (major penalty) ਦਿੱਤੀ ਗਈ ਹੋਵੇ ਜਾਂ ਕ੍ਰਿਮਿਨਲ ਕੇਸ/ਵਿਜੀਲੈਂਸ ਕੇਸ ਤਹਿਤ ਸਮਰੱਥ ਅਥਾਰਟੀ ਵਲੋਂ ਪ੍ਰੋਸੀਕਿਉਸ਼ਨ ਦੀ ਮਨਜ਼ੂਰੀ ਦਿੱਤੀ ਜਾ ਚੁੱਕੀ ਹੋਵੇ ਜਾਂ ਸਮਰੱਥ ਅਦਾਲਤ ਵਲੋਂ ਦੋਸ਼ ਲਗਾਏ ਜਾ ਚੁੱਕੇ ਹੋਣ (charges have been framed by the Court of competent jurisdiction). ਉਹਨਾਂ ਨੂੰ ਵਿੱਤ ਵਿਭਾਗ ਵਲੋਂ ਜਾਰੀ ਹਦਾਇਤਾਂ ਨੰ: 22/2/2012-3ਐਫ.ਪੀ.2/475 ਮਿਤੀ 8.10.2012 ਅਤੇ 22/2/2012-3ਐਫ.ਪੀ.2/471 ਮਿਤੀ 20.9.2013 ਅਧੀਨ ਸੇਵਾਕਾਲ ਵਿੱਚ ਵਾਧਾ ਦੇਣ ਲਈ ਵਿਚਾਰਿਆ ਨਹੀਂ ਜਾਵੇਗਾ।

3. ਅਜਿਹੇ ਅਧਿਕਾਰੀ/ਕਰਮਚਾਰੀ, ਜੋ ਵਿੱਤ ਵਿਭਾਗ ਦੀਆਂ ਹਦਾਇਤਾਂ ਨੰ: 22/2/2012-3ਐਫ.ਪੀ.2/475 ਮਿਤੀ 8.10.2012 ਅਤੇ 22/2/2012-3ਐਫ.ਪੀ.2/471 ਮਿਤੀ 20.9.2013 ਅਧੀਨ ਸੇਵਾਕਾਲ ਵਿੱਚ ਪਹਿਲੇ ਅਤੇ ਦੂਜੇ ਸਾਲ ਦੇ ਵਾਧੇ ਵਿੱਚ ਚਲ ਰਹੇ ਹਨ ਅਤੇ ਉਕਤ ਪੈਰ੍ਹਾ 2 ਵਿਚ ਦਰਸਾਈਆਂ ਸਥਿਤੀਆਂ ਵਿਚ ਕਵਰ ਹੁੰਦੇ ਹੋਣ, ਉਹਨਾਂ ਦੇ ਕੇਸਾਂ ਤੇ ਵੀ ਮੁੜ ਵਿਚਾਰ (review) ਕੀਤਾ ਜਾਵੇ। ਜੇਕਰ ਮੁੜ ਵਿਚਾਰ (review) ਉਪਰੰਤ ਸੇਵਾਕਾਲ ਵਿੱਚ ਪਹਿਲਾਂ ਦਿੱਤਾ ਗਿਆ ਵਾਧਾ ਉਚਿਤ ਨਹੀਂ ਸਮਝਿਆ ਜਾਂਦਾ ਹੈ ਤਾਂ ਪਹਿਲਾਂ ਦਿੱਤੇ ਵਾਧੇ ਨੂੰ ਸਮਾਪਤ ਕਰ ਦਿੱਤਾ ਜਾਵੇ। ਇਹ ਵਾਧਾ ਹਰ ਹਾਲਤ ਵਿੱਚ ਫੈਸਲਾ ਹੋਣ ਦੀ ਮਿਤੀ ਦੇ ਉਸੇ ਮਹੀਨੇ ਤੇ ਅੰਤ ਤੋਂ ਸਮਾਪਤ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

4. ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਜਾਰੀ ਕੀਤੀਆਂ ਜਾ ਰਹੀਆਂ ਹਦਾਇਤਾਂ ਦੇ ਤਹਿਤ ਉਹ ਕਰਮਚਾਰੀ ਜਿਨ੍ਹਾਂ ਨੂੰ ਉਨ੍ਹਾਂ ਦੀ ਸੇਵਾ ਨਿਵਰਤੀ ਦੀ ਮਿਤੀ ਸਮੇਂ ਉਨ੍ਹਾਂ ਵਿਰੁੱਧ ਅਨੁਸ਼ਾਸ਼ਨਿਕ ਜਾਂ ਕ੍ਰਿਮੀਨਲ ਪ੍ਰੋਸੀਡਿੰਗਜ਼ ਪੈਂਡਿੰਗ ਹੋਣ ਕਰਕੇ ਸੇਵਾਵਾਂ ਵਿੱਚ ਵਾਧਾ ਨਹੀਂ ਦਿਤਾ ਗਿਆ ਹੈ ਪਰੰਤੂ ਜੇਕਰ ਉਨ੍ਹਾਂ ਦੀ ਸੇਵਾ ਨਿਵਰਤੀ ਉਪਰੰਤ ਅਨੁਸ਼ਾਸ਼ਨਿਕ ਜਾਂ ਕ੍ਰਿਮੀਨਲ ਪ੍ਰੋਸੀਡਿੰਗਜ਼ ਸੰਪੂਰਣ ਹੋਣ ਤੇ ਦੋਸ਼ਮੁਕਤ ਕਰਾਰ ਦਿੱਤਾ ਜਾਂਦਾ ਹੈ ਜਾਂ ਮਾਈਨਰ ਪੈਨਲਟੀ ਦਿੱਤੀ ਜਾਂਦੀ ਹੈ ਤਾਂ ਵੀ ਉਨ੍ਹਾਂ ਦੀਆਂ ਸੇਵਾਵਾਂ ਵਿੱਚ ਵਾਧਾ ਨਾ ਦੇਣ ਦੇ ਪਹਿਲੇ ਫੈਸਲੇ ਤੇ ਮੁੜ ਵਿਚਾਰ ਨਹੀਂ ਕੀਤਾ ਜਾਵੇਗਾ ਕਿਉਂਕਿ ਅਜਿਹੇ ਕੇਸਾਂ ਵਿੱਚ ਪੰਜਾਬ ਸਿਵਲ ਸਰਵਿਸਜ ਵਾਲਿਊਮ-1, ਪਾਰਟ-1 ਦੇ ਰੂਲ 3.26 (ੲ) ਦੇ ਅਨੁਸਾਰ ਜਨਤਕ ਹਿਤਾਂ ਨੂੰ ਵੇਖਦੇ ਹੋਏ ਅਜਿਹਾ ਵਾਧਾ ਨਾ ਹੀ ਜ਼ਰੂਰੀ ਹੈ ਅਤੇ ਨਾ ਹੀ expedient ਹੈ।

5. ਉਹ ਅਧਿਕਾਰੀ/ਕਰਮਚਾਰੀ ਜਿਨ੍ਹਾਂ ਨੂੰ ਸੇਵਾਕਾਲ ਵਿੱਚ ਵਾਧਾ ਦਿੱਤਾ ਗਿਆ ਹੈ, ਵਲੋਂ ਜੇਕਰ ਸੇਵਾਕਾਲ ਦੇ ਵਾਧੇ ਦੋਰਾਨ ਕੋਈ ਗੰਭੀਰ ਕੁਤਾਹੀ (grave misconduct) ਕੀਤੀ ਜਾਂਦੀ ਹੈ ਜਾਂ ਪਹਿਲਾਂ ਕੀਤੀ ਗਈ ਗੰਭੀਰ ਕੁਤਾਹੀ ਨੋਟਿਸ ਵਿੱਚ ਆਉਂਦੀ ਹੈ ਤਾਂ ਉਨ੍ਹਾਂ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਵਿਭਾਗੀ ਕਾਰਵਾਈ ਤੋਂ ਇਲਾਵਾ ਉਨ੍ਹਾ ਦੇ ਸੇਵਾਕਾਲ ਦੇ ਵਾਧੇ ਨੂੰ ਫੌਰੀ ਤੌਰ ਤੇ ਬਿਨ੍ਹਾ ਕਿਸੇ ਨੋਟਿਸ ਦੇ ਵਾਪਿਸ ਲਿਆ ਜਾ ਸਕਦਾ ਹੈ। ਗਰੁੱਪ 'ਏ' ਅਤੇ 'ਬੀ' ਅਧਿਕਾਰੀਆਂ ਦੇ ਅਜਿਹੇ ਕੇਸਾਂ ਵਿੱਚ ਵਿਭਾਗ ਦੇ ਪ੍ਰਬੰਧਕੀ ਸਕੱਤਰ, ਵਿਭਾਗ ਦੇ ਮੁੱਖੀ ਅਤੇ ਇੱਕ ਹੋਰ ਸੀਨੀਅਰ ਅਧਿਕਾਰੀ ਦੀ ਇੱਕ ਕਮੇਟੀ ਹੋਵੇਗੀ ਜੋ ਕਿ ਉਸੇ ਮਹੀਨੇ ਵਿੱਚ ਹੀ ਇਸ ਸਬੰਧੀ ਫੈਸਲਾ ਕਰੇਗੀ। ਗਰੁੱਪ 'ਸੀ' ਅਤੇ 'ਡੀ' ਦੇ ਕਰਮਚਾਰੀਆਂ ਸਬੰਧੀ ਅਜਿਹੇ ਫੈਸਲੇ ਨਿਯੁਕਤੀ ਅਧਿਕਾਰੀ ਦੇ ਪੱਧਰ ਤੇ ਕੀਤੇ ਜਾਣਗੇ।

6. ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਉਕਤ ਫੈਸਲੇ ਉਪਰੋਕਤ ਪੈਰ੍ਹਾ-5 ਵਿੱਚ ਦਰਸ਼ਾਈਆਂ ਅਥਾਰਟੀਜ਼ ਦੇ ਪੱਧਰ ਤੇ ਕੀਤੇ ਜਾਣਗੇ ਅਤੇ ਇਸ ਮੰਤਵ ਲਈ ਕਿਸੇ ਹੋਰ ਕਮੇਟੀ ਦੀ ਲੋੜ ਨਹੀਂ ਹੋਵੇਗੀ।

7. ਇਹ ਹਦਾਇਤਾਂ ਤੁਰੰਤ ਪ੍ਰਭਾਵ ਤੋਂ ਲਾਗੂ ਹੋਣਗੀਆਂ ਅਤੇ ਜਿਹੜੇ ਅਧਿਕਾਰੀਆਂ/ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਪਹਿਲੀਆਂ ਹਦਾਇਤਾਂ ਅਨੁਸਾਰ ਵਾਧਾ ਨਹੀਂ ਦਿੱਤਾ ਗਿਆ, ਉਹਨਾਂ ਦੇ ਕੇਸ ਮੁੜ ਨਹੀਂ ਵਿਚਾਰੇ ਜਾਣਗੇ।

ਵਿਸ਼ਵਾਸਪਾਤਰ,

(signature)

ਸੰਯੁਕਤ ਸਕੱਤਰ ਵਿੱਤ

ਪਿੱਠ ਅੰਕਣ ਨੰ: 22/ 2/2012-3 ਐਫ.ਪੀ.2/ ੮੫ ਮਿਤੀ,ਚੰਡੀਗੜ੍ਹ: ੩੦ ਅਪ੍ਰੈਲ, 2015

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਪ੍ਰਮੁੱਖ ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ ।

(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ),ਪੰਜਾਬ,ਚੰਡੀਗੜ੍ਹ।

ਸੰਯੁਕਤ ਸਕੱਤਰ, ਵਿੱਤ

ਪਿੱਠ ਅੰਕਣ ਨੰ: 22/ 2/2012- 3 ਐਫ.ਪੀ.2/ 85 ਮਿਤੀ,ਚੰਡੀਗੜ੍ਹ: 30 ਅਪ੍ਰੈਲ, 2015

ਇਸ ਦਾ ਉਤਾਰਾ,ਸਹਿ-ਪੱਤਰ ਸਮੇਤ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

(2) ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,ਪੰਜਾਬ ਸਰਕਾਰ।

ਸੰਯੁਕਤ ਸਕੱਤਰ,ਵਿੱਤ

ਪਿੱਠ ਅੰਕਣ ਨੰ: 22/2/2012-3 ਐਫ.ਪੀ.2/ ੮੬ ਮਿਤੀ,ਚੰਡੀਗੜ੍ਹ: 30 ਅਪ੍ਰੈਲ, 2015

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫਸਰਾਂ/ ਖਜਾਨਾ ਅਫਸਰਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੱਠ ਅੰਕਣ ਨੰ: 22/2/2012- 3 ਐਫ.ਪੀ.2/ ੮੭ ਮਿਤੀ,ਚੰਡੀਗੜ੍ਹ 30 ਅਪ੍ਰੈਲ, 2015

ਇਸ ਦਾ ਇੱਕ ਉਤਾਰਾ ਮੈਨੇਜਿੰਗ ਡਾਇਰੈਕਟਰ,ਪੰਜਾਬ ਇਨਫੋਟੈਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀ ਇਸ ਪਾਲਿਸੀ ਨੂੰ ਪੰਜਾਬ ਸਰਕਾਰ ਦੀ ਵੈੱਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ।

ਸੁਪਰਡੰਟ

No. 34/55-IH(7)-2015/ 9785
**Chandigarh Administration**
**Department of Personnel**

Chandigarh, dated the 14/5/15

To

All the Administrative Secretaries/
Heads of Departments/Offices/
Boards/Corporation,
Chandigarh Administration.

**Subject: Clarification regarding extension in service of the Punjab Government employees.**

*****

Sir/Madam,

In supersession of this Administration's instructions No. 34/55-IH(7)-2014/21936 dated 24.11.2014 and No. 34/55-IH(7)-2015/6043 dated 23.03.2015, I am directed to address you on the subject noted above and to enclose herewith a copy of Punjab Government, Finance Department's letter No. 22/2/2012-3F.P.2/83 dated 30.04.2015 which is self-explanatory for necessary action and strict compliance.

Yours faithfully,

Superintendent Personnel,
Chandigarh Administration.

Endst. No. 34/55-IH(7)-2015/ 9786 Dated: 14/5/15

A copy is forwarded to all the Administrative Branches, Chandigarh Administration Secretariat for similar action.

Superintendent Personnel,
Chandigarh Administration.